# ਟਾਇਲਟ ਟ੍ਰੇਨਿੰਗ: ਮਾਤਾ/ਪਿਤਾ ਦਾ ਪਰਿਪੇਖ

ਮੇਰੀ ਮਾਂ ਨੇ ਸਾਨੂੰ ਸਾਰਿਆਂ ਨੂੰ 18 ਮਹੀਨੇ ਦੇ ਹੋਣ 'ਤੇ ਪੌਟੀ ਦੀ ਵਰਤੋਂ ਸਿਖਾ ਦਿਤੀ ਸੀ। ਮੇਰੇ ਬੱਚੇ ਨੂੰ ਕੀ ਮੁਸ਼ਕਲ ਹੈ? ਇਹ ਜ਼ਰੂਰ ਸ਼ਰਾਰਤ ਕਰ ਰਿਹਾ ਹੈ।

ਉਹ ਮੈਨੂੰ ਤੰਗ ਕਰਨ ਲਈ ਅਜਿਹਾ ਕਰ ਰਿਹਾ ਹੈ।

ਮੈਂ ਇਕ ਹੋਰ ਪੈਂਟ ਨਹੀਂ ਧੋ ਸਕਦੀ।

ਉਹ ਨਿੱਕੇ ਬਾਲ ਵਾਂਗ ਨੈਪੀ ਦੀ ਮੰਗ ਕਰ ਰਹੀ ਹੈ।

ਮੇਰੀ ਸਹੇਲੀ ਦੀ ਬੱਚੀ ਅਜਿਹਾ ਕਰ ਸਕਦੀ ਹੈ, ਹਾਲਾਂਕਿ ਉਹ ਇਹਦੇ ਨਾਲੋਂ 6 ਮਹੀਨੇ ਛੋਟੀ ਹੈ।



ਜੇ ਉਹ ਇਕ ਵਾਰ ਟਾਇਲਟ ਦੀ ਵਰਤੋਂ ਕਰ ਸਕਦਾ ਹੈ, ਤਾਂ ਉਹ ਮੁੜ ਇੰਜ ਕਰ ਸਕਦਾ ਹੈ। ਉਹ ਜ਼ਰੂਰ ਜਾਣਬੁਝਕੇ ਅਜਿਹਾ ਕਰ ਰਿਹਾ ਹੈ।

ਉਸਨੇ ਸੁਪਰਮਾਰਕਿਟ ਵਿਚ ਖੜ੍ਹੇ ਖੜ੍ਹੇ ਨੇ ਪੈਂਟ ਵਿਚ ਪਖ਼ਾਨਾ ਕਰ ਦਿਤਾ।

ਇਹ ਏਨੀ ਸ਼ਰਮਨਾਕ ਗਲ ਸੀ।

ਜਦੋਂ ਉਹ ਅਜਿਹਾ ਕਰਦੀ ਹੈ, ਤਾਂ ਮੈਨੂੰ ਬੜਾ ਗ਼ੁੱਸਾ ਆਉਂਦਾ ਹੈ।

ਮੈਨੂੰ ਪਤਾ ਹੈ ਕਿ ਇਹਦਾ ਕੋਈ ਫ਼ਾਇਦਾ ਨਹੀਂ।